# CalWORKs ਅਤੇ CALFRESH ਲਈ ਤਬਦੀਲੀਆਂ ਬਾਰੇ ਸੂਚਿਤ ਕਰਨਾ

| | |
|---|---|
| ਕੇਸ ਦਾ ਨਾਮ:: | |
| ਕੇਸ ਨੰਬਰ: | |
| ਵਰਕਰ ਨੰਬਰ: | |

**ਕਿਉਂਕਿ ਤੁਹਾਨੂੰ CalWORKs ਮਿਲਦਾ ਹੈ, ਇਸ ਲਈ ਜਦੋਂ ਤੁਹਾਡੀ ਕੁੱਲ ਆਮਦਨ ਇੱਕ ਖਾਸ ਪੱਧਰ 'ਤੇ ਪਹੁੰਚ ਜਾਵੇ ਤਾਂ ਤੁਹਾਨੂੰ 10 ਦਿਨਾਂ ਦੇ ਅੰਦਰ-ਅੰਦਰ ਇਸਦੀ ਸੂਚਨਾ ਜ਼ਰੂਰ ਦੇਣੀ ਚਾਹੀਦੀ ਹੈ।** ਜਦੋਂ ਵੀ ਤੁਹਾਡੇ ਟੱਬਰ ਦੀ ਕੁੱਲ ਮਹੀਨੇਵਾਰ ਆਮਦਨ ਤੁਹਾਡੀ ਮੌਜੂਦਾ ਇਨਕਮ ਰਿਪੋਰਟਿੰਗ ਥ੍ਰੈਸ਼ੋਲਡ [Income Reporting Threshold (IRT)] ਤੋਂ ਵੱਧ ਹੋਵੇ ਤਾਂ ਤੁਹਾਨੂੰ ਇਸ ਬਾਰੇ ਜ਼ਰੂਰ ਸੂਚਿਤ ਕਰਨਾ ਚਾਹੀਦਾ ਹੈ।

| | |
|---|---|
| ਤੁਹਾਡਾ ਪਰਿਵਾਰ ਦਾ ਅਕਾਰ ਹੈ | ______ |
| ਤੁਹਾਡੀ ਮੰਜੂਦਾ ਆਮਦਨ ਹੈ | $ ______ |
| **ਤੁਹਾਡੀ IRT ਹੈ** | $ ______ |

## ਕਿਵੇਂ ਸੂਚਿਤ ਕੀਤਾ ਜਾਵੇ?

ਜੇ ਤੁਹਾਡੀ ਕੁੱਲ ਆਮਦਨ ਉਪਰੋਕਤ ਸੂਚੀ ਵਿੱਚ ਦਿੱਤੀ IRT ਦੀ ਰਾਸ਼ੀ ਤੋਂ ਵੱਧ ਹੈ, ਤਾਂ ਲਾਜ਼ਮੀ ਹੈ ਕਿ ਤੁਸੀਂ ਇਸਦੀ ਸੂਚਨਾ ਕਾਊਂਟੀ ਨੂੰ **10 ਦਿਨਾਂ ਦੇ ਅੰਦਰ-ਅੰਦਰ** ਦਿਓ। ਤੁਸੀਂ ਕਾਊਂਟੀ ਨੂੰ ਇਸ ਜਾਣਕਾਰੀ ਦੀ ਸੂਚਨਾ ਕਾਊਂਟੀ ਨੂੰ ਕਾਲ ਕਰਕੇ ਦੇ ਸਕਦੇ ਹੋ ਜਾਂ ਲਿਖਤੀ ਰੂਪ ਵਿੱਚ ਇਸਦੀ ਸੂਚਨਾ ਦੇ ਸਕਦੇ ਹੋ।

''ਕੁੱਲ ਮਹੀਨੇਵਾਰ ਆਮਦਨ'' ਤੋਂ ਸਾਡਾ ਭਾਵ ਹੈ:

- ➡ ਕੋਈ ਵੀ ਪੈਸਾ ਜੋ ਤੁਹਾਨੂੰ ਪ੍ਰਾਪਤ ਹੁੰਦਾ ਹੈ (ਕਮਾਇਆ ਹੋਇਆ **ਅਤੇ ਕਮਾਇਆ ਨਹੀਂ ਹੋਇਆ**)।
- ➡ ਕੋਈ ਵੀ ਕਟੌਤੀਆਂ ਕਰਨ ਤੋਂ *ਪਹਿਲਾਂ* ਦੀ ਰਾਸ਼ੀ। (ਕਟੌਤੀਆਂ ਦੀਆਂ ਉਦਾਹਰਣਾਂ ਹਨ: ਟੈਕਸ, ਸੋਸ਼ਲ ਸਿਕਿਓਰਟੀ ਜਾਂ ਕੋਈ ਰਿਟਾਇਰਮੈਂਟ ਸਬੰਧੀ ਯੋਗਦਾਨ, ਦਿਹਾੜੀ ਰੋਕਣ ਸਬੰਧੀ ਅਦਾਲਤੀ ਹੁਕਮ, ਆਦਿ)

## ਕੀ ਹੋਵੇਗਾ?

- ➡ ਤੁਹਾਡੀ IRT ਤੋਂ ਵੱਧ ਆਮਦਨ ਦੇ ਅਧਾਰ 'ਤੇ ਤੁਹਾਡੇ ਲਾਭ ਘਟਾਏ ਜਾਂ ਬੰਦ ਕੀਤੇ ਜਾ ਸਕਦੇ ਹਨ।
- ➡ ਜਦੋਂ ਤੁਹਾਡੀ ਆਮਦਨ ਬਦਲਦੀ ਹੈ ਜਾਂ ਜਦੋਂ ਤੁਹਾਡੇ ਘਰ ਵਿੱਚ ਕੋਈ ਹੋਰ ਵਿਅਕਤੀ ਸ਼ਾਮਲ ਹੁੰਦਾ ਹੈ ਜਾਂ ਬਾਹਰ ਨਿਕਲਦਾ ਹੈ ਤਾਂ ਤੁਹਾਡੀ IRT ਸ਼ਾਇਦ ਬਦਲ ਸਕਦੀ ਹੈ।
- ➡ ਹਰ ਵਾਰ ਜਦੋਂ ਵੀ ਤੁਹਾਡੀ IRT ਬਦਲੇਗੀ ਤਾਂ ਕਾਊਂਟੀ ਤੁਹਾਨੂੰ ਲਿਖਤੀ ਰੂਪ ਵਿੱਚ ਇਸ ਬਾਰੇ ਜਾਣਕਾਰੀ ਦੇਵੇਗੀ।
- ➡ ਤੁਹਾਡੀ ਰੀਡਿਟਰਮਿਨੇਸ਼ਨ/ਰੀਸਰਟੀਫ਼ਿਕੇਸ਼ਨ [redetermination/ recertification (RD/RC)] ਦੌਰਾਨ RD/RC ਫ਼ਾਰਮ ਜਿਸ ਵੀ ਸਾਰੀ ਆਮਦਨ ਬਾਰੇ ਪੁੱਛਦਾ ਹੈ, ਤੁਹਾਨੂੰ ਉਸ ਬਾਰੇ ਵੀ ਸੂਚਿਤ ਕਰਨ ਦੀ ਲੋੜ ਪਵੇਗੀ, ਭਾਵੇਂ ਤੁਸੀਂ ਉਸ ਪੈਸੇ ਬਾਰੇ ਪਹਿਲਾਂ ਤੋਂ ਹੀ ਸੂਚਿਤ ਕਰ ਚੁਕੇ ਹੋਵੋ।

## *ਸੂਚਨਾ ਨਾ ਦੇਣ ਲਈ ਹਰਜਾਨਾ*

ਜਦੋਂ ਤੁਹਾਡੀ ਆਮਦਨ ਤੁਹਾਡੇ ਟੱਬਰ ਦੀ IRT ਸੀਮਾ ਤੋਂ ਵੱਧ ਹੁੰਦੀ ਹੈ ਅਤੇ ਤੁਸੀਂ ਇਸ ਬਾਰੇ ਸੂਚਿਤ ਨਹੀਂ ਕਰਦੇ ਹੋ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਜਿੰਨੇ ਲਾਭ ਮਿਲਣੇ ਚਾਹੀਦੇ ਸੀ ਉਸ ਤੋਂ ਵੱਧ ਲਾਭ ਮਿਲਣ। ਜਿਸ ਆਮਦਨ ਨੂੰ ਤੁਸੀਂ ਸੂਚਿਤ ਨਹੀਂ ਕਰਦੇ ਹੋ, ਉਸਦੇ ਅਧਾਰ 'ਤੇ ਮਿਲੇ ਕੋਈ ਵੀ ਵਾਧੂ ਲਾਭਾਂ ਨੂੰ ਤੁਹਾਨੂੰ ਵਾਪਸ **ਜ਼ਰੂਰ** ਕਰਨਾ ਚਾਹੀਦਾ ਹੈ। ਜੇ ਤੁਸੀਂ ਵਧੇਰੇ ਲਾਭ ਲੈਣ ਦੀ ਕੋਸ਼ਿਸ਼ ਕਰਨ ਦੇ ਉਦੇਸ਼ ਨਾਲ ਇਸਦੀ ਸੂਚਨਾ ਨਹੀਂ ਦਿੰਦੇ ਤਾਂ, ਇਹ ਧੋਖਾਧੜੀ ਹੈ, ਅਤੇ ਤੁਹਾਡੇ 'ਤੇ ਅਪਰਾਧ ਦਾ ਦੋਸ਼ ਲਾਇਆ ਜਾ ਸਕਦਾ ਹੈ।

**ਜੇ ਤੁਹਾਨੂੰ CalWORKs ਮਿਲਦਾ ਹੈ, ਤਾਂ <u>ਲਾਜ਼ਮੀ</u> ਹੈ ਕਿ <u>ਤੁਸੀਂ</u> ਹੇਠਾਂ ਦਿੱਤੀਆਂ ਗੱਲਾਂ ਦੇ ਵਾਪਰਨ ਦੇ <u>10 ਦਿਨਾਂ ਦੇ ਅੰਦਰ</u> ਇਹਨਾਂ ਦੀ ਵੀ ਸੂਚਨਾ ਦਿਓ:**

1. ਜਦੋਂ ਵੀ ਕੋਈ ਵਿਅਕਤੀ ਤੁਹਾਡੇ ਪਰਿਵਾਰ ਵਿੱਚ ਸ਼ਾਮਲ ਹੁੰਦਾ ਹੈ ਜਾਂ ਬਾਹਰ ਨਿਕਲਦਾ ਹੈ।
2. ਜਦੋਂ ਵੀ ਕੋਈ ਵਿਅਕਤੀ ਜੋ ਤੁਹਾਡੇ ਪਰਿਵਾਰ ਵਿੱਚ ਸ਼ਾਮਲ ਹੁੰਦਾ ਹੈ ਜਾਂ ਪਹਿਲਾਂ ਤੋਂ ਹੈ, ਅਤੇ ਜਿਸ 'ਤੇ ਨਸ਼ੀਲੀਆਂ ਦਵਾਈਆਂ ਨਾਲ ਸਬੰਧਤ ਘੋਰ ਅਪਰਾਧ ਦਾ ਦੋਸ਼ ਸਿੱਧ ਹੋ ਚੁਕਾ *ਹੈ ਜਿਸ ਬਾਰੇ ਪਹਿਲਾਂ ਸੂਚਿਤ ਨਹੀਂ ਕੀਤਾ ਗਿਆ ਸੀ।*
3. ਜਦੋਂ ਵੀ ਕੋਈ ਵਿਅਕਤੀ ਜੋ ਤੁਹਾਡੇ ਪਰਿਵਾਰ ਵਿੱਚ ਸ਼ਾਮਲ ਹੁੰਦਾ ਹੈ ਜਾਂ ਪਹਿਲਾਂ ਤੋਂ ਹੈ, ਜੋ ਪ੍ਰੋਬੇਸ਼ਨ ਜਾਂ ਪੈਰੋਲ ਦੀ ਕਿਸੇ ਸ਼ਰਤ ਦੀ ਉਲੰਘਣਾ ਕਰਦਾ ਹੈ।
4. ਜਦੋਂ ਵੀ ਕੋਈ ਵਿਅਕਤੀ ਜੋ ਤੁਹਾਡੇ ਪਰਿਵਾਰ ਵਿੱਚ ਸ਼ਾਮਲ ਹੁੰਦਾ ਹੈ ਜਾਂ ਪਹਿਲਾਂ ਤੋਂ ਹੈ, ਜੋ ਕਨੂੰਨ ਤੋਂ ਦੌੜ ਰਿਹਾ ਹੈ।
5. ਜਦੋਂ ਵੀ ਤੁਹਾਡਾ ਪਤਾ ਬਦਲਦਾ ਹੈ।

**ਜੇ ਤੁਹਾਨੂੰ CalFresh ਮਿਲਦਾ ਹੈ, ਤਾਂ <u>ਲਾਜ਼ਮੀ</u> ਹੈ ਕਿ <u>ਤੁਸੀਂ</u> ਹੇਠਾਂ ਦਿੱਤੀਆਂ ਗੱਲਾਂ ਬਾਰੇ ਵੀ ਉਹਨਾਂ ਦੇ ਵਾਪਰਨ ਦੇ <u>10 ਦਿਨਾਂ ਦੇ ਅੰਦਰ</u> <u>ਸੂਚਿਤ</u> ਕਰੋ:**

1. IRT ਤੋਂ ਇਲਾਵਾ, CalWORKs ਲਈ ਲੋੜੀਂਦੀਆਂ ਸਾਰੀਆਂ ਜ਼ਰੂਰੀ ਰਿਪੋਰਟਾਂ (ਦੇਖੋ ਉੱਪਰ 1 – 5)।
2. ਤੁਹਾਡੀ ਆਮਦਨ ਦੇ ਸਰੋਤ ਵਿੱਚ ਤਬਦੀਲੀ ਆਈ ਹੈ ਜਿਸ ਵਿੱਚ ਨੌਕਰੀ ਸ਼ੁਰੂ ਕਰਨਾ, ਬੰਦ ਕਰਨਾ ਜਾਂ ਨੌਕਰੀ ਬਦਲਨਾ ਸ਼ਾਮਲ ਹੈ;
3. ਕਮਾਈ ਹੋਈ ਆਮਦਨ ਵਿੱਚ $100 ਤੋਂ ਵੱਧ ਦੀ ਤਬਦੀਲੀ ਆਉਂਦੀ ਹੈ।
4. ਆਪ ਨਾ ਕਮਾਈ ਹੋਈ ਆਮਦਨ ਵਿੱਚ $50 ਤੋਂ ਵੱਧ ਦੀ ਤਬਦੀਲੀ ਆਉਂਦੀ ਹੈ (CalWORKs ਜਾਂ ਜਨਰਲ ਅਸਿਸਟੈਂਸ ਲਈ ਤੋਂ ਛੁੱਟ)।
5. ਕਿਰਾਏ ਜਾਂ ਉਪਯੋਗੀ ਸੇਵਾਵਾਂ ਦੇ ਖਰਚਿਆਂ ਵਿੱਚ ਤਬਦੀਲੀ (ਸਿਰਫ਼ ਤਾਂ ਜੇ ਤੁਸੀਂ ਘਰ ਬਦਲੀ ਕਰਦੇ ਹੋ)।
6. ਅਦਾਲਤੀ ਹੁਕਮ ਤਹਿਤ ਬਾਲ ਸਹਾਇਤਾ ਦੀ ਰਾਸ਼ੀ ਵਿੱਚ ਕੋਈ ਵੀ ਤਬਦੀਲੀ।
7. ਜੇ ਤੁਸੀਂ ਇੱਕ ਯੋਗ ਸਰੀਰ ਵਾਲੇ ਬਾਲਗ ਵਿਅਕਤੀ ਹੋ ਜਿਸ 'ਤੇ ਕੋਈ ਵਿਅਕਤੀ ਨਿਰਭਰ ਨਹੀਂ ਕਰਦਾ [Able Bodied Adult Without Dependents (ABAWD)], ਤਾਂ ਲਾਜ਼ਮੀ ਹੈ ਕਿ ਜਦੋਂ ਵੀ ਤੁਹਾਡੇ ਕੰਮ ਦੇ ਜਾਂ ਸਿਖਲਾਈ ਦੇ ਘੰਟੇ ਪ੍ਰਤੀ ਹਫ਼ਤੇ 20 ਘੰਟਿਆਂ ਤੋਂ ਘੱਟ ਕੇ ਜਾਂ ਪ੍ਰਤੀ ਮਹੀਨੇ 80 ਘੰਟਿਆਂ ਤੋਂ ਘੱਟ ਕੇ ਹੇਠਾਂ ਆ ਜਾਣ ਤਾਂ ਤੁਸੀਂ ਉਸ ਬਾਰੇ ਸੂਚਿਤ ਜ਼ਰੂਰ ਕਰੋ।

## ਜਾਣਕਾਰੀ ਬਾਰੇ ਸਵੈ-ਇੱਛਾ ਨਾਲ ਸੂਚਨਾ ਦੇਣੀ

ਤੁਸੀਂ ਸਵੈ-ਇੱਛਾ ਨਾਲ ਵੀ ਕਿਸੇ ਵੀ ਸਮੇਂ ਕਾਊਂਟੀ ਨੂੰ ਤਬਦੀਲੀਆਂ ਬਾਰੇ ਸੂਚਨਾ ਦੇ ਸਕਦੇ ਹੋ। *ਕੁਝ ਤਬਦੀਲੀਆਂ ਬਾਰੇ ਸੂਚਨਾ ਦੇਣ ਨਾਲ ਤੁਹਾਨੂੰ ਵਧੇਰੇ ਲਾਭ ਮਿਲ ਸਕਦੇ ਹਨ।* ਉਦਾਹਰਣ ਲਈ:

- ਘਰ ਵਿੱਚ ਕੋਈ ਇਸਤਰੀ ਗਰਭਵਤੀ ਹੋ ਜਾਂਦੀ ਹੈ।
- ਨਕਦੀ ਸਹਾਇਤਾ ਪ੍ਰਾਪਤ ਕਰ ਰਹੇ ਕਿਸੇ ਵਿਅਕਤੀ ਨੂੰ ਕੋਈ ਖਾਸ ਲੋੜ ਹੈ, ਜਿਵੇਂ ਕਿ: ਗਰਭਅਵਸਥਾ, ਕਿਸੇ ਡਾਕਟਰ ਦੁਆਰਾ ਲਿਖਕੇ ਦੱਸੀ ਗਈ ਖਾਸ ਖ਼ੁਰਾਕ, ਪਰਿਵਾਰਕ ਐਮਰਜੈਂਸੀ, ਆਦਿ।
- CalFresh ਲਈ, ਜੇ ਕੋਈ ਵਿਅਕਤੀ ਅਪਾਹਜ ਹੈ ਜਾਂ ਜਿਸਦੀ ਉਮਰ 60 ਸਾਲ ਜਾਂ ਵੱਧ ਹੈ ਅਤੇ ਉਹ ਆਪਣੀ ਜੇਬ੍ਹ ਤੋਂ ਨਵੇਂ ਜਾਂ ਉਚੇਰੇ ਡਾਕਟਰੀ ਖਰਚੇ ਕਰ ਰਿਹਾ ਹੈ।